Sportking INDIA LTD.

(Govt. Recognised Four Star Export House)

Regd. & Corporate Office : Vill. Kanech, Near Sahnewal, G.T. Road, Ludhiana-141120 Ph. (0161) 2845456 to 60 Fax : 2845458
Admn. Office : 178, Col. Gurdial Singh Road, Civil Lines, Ludhiana-141001 Ph. (0161) 2770954 to 55 Fax : 2770953
E-mail : sportking@sportking.co.in CIN No. L17122PB1989PLC053162
Website : www.sportking.co.in

SIL/2026-27/SE **Date: 18.08.2026**

To **BSE Limited** Phiroze Jeeheebhoy Towers, Dalal Street, Mumbai-400001	To **National Stock Exchange of India Ltd,** Exchange Plaza, Bandra Kurla Complex, Bandra (East), Mumbai– 400051
Script Code: 539221	**Symbol: SPORTKING**

Sub: Newspaper Advertisement

Dear Sir,

Pursuant to Regulation 47 read with Regulation 30 of the SEBI (Listing Obligations and Disclosure Requirements) Regulations, 2015, we are enclosing herewith copies of newspaper advertisement published in Business Standard (English) and Desh Sewak (Punjabi) dated **18.08.2026**, regarding Dispatch of Notice of 37th Annual General Meeting, intimation of Book closure and Record Date for Dividend and e-Voting information for Company's Annual General Meeting (AGM) scheduled to be held on **Saturday, 12th September, 2026 at 10.30 AM** at Registered Office of the company situated at Village Kanech, Near Sahnewal GT Road, Ludhiana-141120 (Punjab).

You are requested to please take the same on your records.

For SPORTKING INDIA LIMITED

Lovlesh Verma Digitally signed by Lovlesh Verma Date: 2026.08.18 11:47:00 +05'30'

LOVLESH VERMA
COMPANY SECRETARY
(ACS: 34171)

Business Standard CHANDIGARH | TUESDAY, 18 AUGUST 2026

Sportking INDIA LIMITED

CIN: L17122PB1989PLC053162
REGD. OFFICE: Village Kanech, Near Sahnewal, G.T Road, Ludhiana-141120, Phone: 0161-2845456,
website: www.sportking.co.in, Email: cs@sportking.co.in

NOTICE OF 37th ANNUAL GENERAL MEETING, RECORD DATE AND DIVIDEND

NOTICE is hereby given that

1. The 37th Annual General Meeting of the members of Sportking India Limited is scheduled to be held on Saturday, the 12th September, 2026 at 10.30 AM at Registered Office of the company situated at Village Kanech, Near Sahnewal GT Road, Ludhiana-141120 (Punjab).
2. The Notice of the 37th AGM and Annual Report for FY 2025-26 will be sent to all the members who have registered their email ids with depositories or with the company. The same are also available on the website of the Company www.sportking.co.in as well as stock exchange website www.bseindia.com and www.nseindia.com. A letter providing a web-link, path and QR code for accessing the Annual Report for FY 2025-26 has been sent to those Members who have not registered the e-mail address with the Company/RTA.
3. **Book Closure and Record date**-Pursuant to Regulation 42 of the Listing Regulations and Section 91 of the Companies Act, 2013 read with the applicable Rules made thereunder, the Record Date for the purpose of payment of Final Dividend for the Financial Year 2025-26, is Saturday, 05th September 2026. The Register of Members and the Share Transfer Books of the Company will remain closed from Sunday, 06th September 2026 to Saturday, 12th September 2026 (both days inclusive) for the purpose of 37th Annual General Meeting ("AGM") and payment of Final Dividend, subject to approval of the Members at the 37th AGM.
4. **E-Voting**-Pursuant to the provisions of Section 108 of the Companies Act 2013, read with Rule 20 of the Companies (Management and Administration) Rules, 2014 and Regulation 44 of the SEBI (Listing Obligations and Disclosure Requirements), Regulations, 2015, the company is providing to its members, the facility to exercise their right to vote at the 37th AGM by electronic means ("remote e-voting"), and the business may be transacted through the e-voting services provided by Central Depository Services Limited (CDSL). All the members are informed that:

a. **Date and time of commencement of remote e-voting**: Wednesday, 09th September 2026 at 09:00 a.m. (IST) and ends on Friday, 11th September 2026 at 05.00 P.M. (IST)
b. Cut-off date for determining the shareholders eligible to cast their votes electronically/physically: Saturday, 05th September 2026.
c. The voting rights of members shall be in proportion to their shares of the paid up equity share capital of the company as on the cut-off date of Saturday, 05th September 2026. Any person, who acquires shares of the Company and becomes member of the Company after dispatch of the notice of the meeting and holding shares as on the cut-off date i.e. Saturday, 05th September 2026 may obtain their User ID and password by sending a request to beetalrta@gmail.com. If the member is already registered with CDSL for e-voting then he/she can use his/her existing User ID and password for casting through remote e-voting.
d. Remote e-voting shall not be allowed beyond 05.00 pm on Friday, 11th September 2026.
e. Facility for voting through ballot paper (poll) shall also be made available at the AGM. Members attending the meeting, who have not already cast their vote by remote e-voting shall be able to exercise their right at the meeting.
f. Members who have cast their vote by remote e-voting may also attend the meeting, but shall not be allowed to vote again at the AGM.
g. A person, whose name is recorded in the register of Members or in the register of Beneficial owners maintained by the depositories as on the cut-off date only shall be entitled to avail the facility of remote e-voting as well as voting at the AGM through ballot paper.
h. The Company has appointed Mr. Sumit Ghai (M. No. FCS 10253 & C.P. No. 12814) Partner of Lal Ghai & Associates as the Scrutinizer to scrutinize the e-voting process in a fair and transparent manner.

5. **Payment of Dividend & Updation of KYC**

a. Members may also note that pursuant to the amendment in SEBI (Listing Obligations and Disclosure Requirements) Regulations, 2015, effective from November 19, 2025, the provisions relating to 'payable-at par' warrants or cheques have been completely discontinued. Consequently, all dividend payments will now be remitted only through electronic mode and no payable-at-par warrants or cheques or drafts shall be issued towards dividend pay-outs. Therefore, members are advised to ensure that their KYC (including bank details) have been updated with their respective Depository Participant for receiving electronic credit of dividends directly into their bank accounts, in case shares are held in dematerialized form or with the Company's RTA for shares held in physical form. Failure to update any of the KYC details shall result in withholding of Dividend. Dividend will be released once the KYC process is completed by the member.
b. The Board of Directors at its meeting held on 16th May, 2026 had recommended a final dividend of Rs.1/- per equity share of Rs. 1/- each of the Company for approval by the shareholders at the Annual General Meeting ('AGM). The Company has fixed Saturday, 05th September 2026, as the Record Date for determining entitlement of Members to final dividend for the financial year ended March 31, 2026. Further full details of AGM including Annual Report can also be accessed by scanning the Quick Response Code given below.
c. Members may note that the Income Tax Act, 2025 ('Act'), mandates that dividends paid or distributed by a Company after April 1, 2026, shall be taxable in the hands of the Members. The Company shall therefore be required to deduct tax at source (TDS) at the time of making payment of the final dividend at the rates applicable to each category, residential status of shareholder and the documents submitted by them, and accepted by the Company. In order to enable the Company to determine the appropriate TDS rate, as applicable, Members are requested to submit the documents, in accordance with the provisions of the Act, with the Registrar & Transfer Agents i.e. M/s Beetal Financial & Computer Services (P) Ltd.by sending documents through e-mail: beetalrta@gmail.com or by uploading the documents on website on RTA www.beetalfinancial.com on or before 31st August 2026.
d. In case you have any queries or issues regarding e-voting, you may refer the Frequently Asked Questions ("FAQs") and e-voting manual available at www.evotingindia.com, under help section or write an email to helpdesk.evoting@cdslindia.com or contact at Corporate Office; Village Kanech, G.T. Road, Near Sahnewal, Ludhiana-141120, Punjab, Phone No.: 0161-2845456 (Ext: 256), Email: cs@sportking.co.in.

For Sportking India Limited
Sd/-
Loviesh Verma
Company Secretary
ACS: 34171

Date : 17.08.2026
Place : Ludhiana

ਨਿਊ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਸੜੋਆ ਵਿਖੇ ਤੀਜ ਦਾ ਤਿਉਹਾਰ ਤੇ 80ਵਾਂ ਆਜ਼ਾਦੀ ਦਿਵਸ ਮਨਾਇਆ

ਦਸਨਸ
ਸੜੋਆ, 17 ਅਗਸਤ : ਨਿਊ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਸੜੋਆ ਵਿਖੇ ਤਿੰਨ ਦਿਨਾਂ ਤੋਂ ਚੱਲ ਰਹੇ ਤੀਜ ਦੇ ਤਿਉਹਾਰ ਦੇ ਤੀਜੇ ਦਿਨ ਦੇ ਨਾਲ-ਨਾਲ ਦੇਸ਼ ਦਾ 80ਵਾਂ ਆਜ਼ਾਦੀ ਦਿਵਸ ਵੀ ਬੜੇ ਉਤਸ਼ਾਹ ਅਤੇ ਦੇਸ਼-ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਐਮ.ਡੀ. ਸ੍ਰੀ ਸੰਜੇ ਮਲਹੋਤਰਾ, ਪ੍ਰਿੰਸੀਪਲ ਸ੍ਰੀਮਤੀ ਗੀਤਿਕਾ ਚੰਦੇਲ ਅਤੇ ਸ੍ਰੀ ਹਿਮਾਂਸ਼ੂ ਮਲਹੋਤਰਾ ਵੱਲੋਂ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕਰਕੇ ਕੀਤੀ ਗਈ। ਇਸ ਉਪਰੰਤ ਵਿਦਿਆਰਥੀਆਂ ਵੱਲੋਂ ਪ੍ਰਭਾਵਸ਼ਾਲੀ ਪਰੇਡ ਪੇਸ਼ ਕੀਤੀ ਗਈ। ਇਸ ਮੌਕੇ ਐਮ.ਡੀ. ਸ੍ਰੀ ਸੰਜੇ ਮਲਹੋਤਰਾ ਅਤੇ ਪ੍ਰਿੰਸੀਪਲ ਸ੍ਰੀਮਤੀ ਗੀਤਿਕਾ ਚੰਦੇਲ ਨੇ ਆਪਣੇ ਸੰਬੋਧਨ ਵਿੱਚ ਆਜ਼ਾਦੀ ਦਿਵਸ ਦੀ ਮਹੱਤਤਾ ਬਾਰੇ ਵਿਚਾਰ ਸਾਂਝੇ ਕਰਦਿਆਂ ਵਿਦਿਆਰਥੀਆਂ ਨੂੰ ਦੇਸ਼ ਦੀ ਤਰੱਕੀ ਅਤੇ ਏਕਤਾ ਵਿੱਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਵੱਲੋਂ ਆਜ਼ਾਦੀ ਦਿਵਸ ਨਾਲ ਸਬੰਧਤ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਇਸ ਦੇ ਨਾਲ ਤੀਜ ਦੇ ਤਿਉਹਾਰ ਦੇ ਤੀਜੇ ਦਿਨ ਕਲਾਸ ਤੀਜੀ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਵਿਦਿਆਰਥਣਾਂ ਵੱਲੋਂ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਲੋਕ ਗੀਤ, ਸੁਹਾਗ, ਸਿੱਠਣੀਆਂ ਅਤੇ ਟੱਪੇ ਪੇਸ਼ ਕੀਤੇ ਗਏ। ਬਾਰ੍ਹਵੀਂ ਜਮਾਤ ਦੀਆਂ ਵਿਦਿਆਰਥਣਾਂ ਵੱਲੋਂ ਪੰਜਾਬੀ ਸੱਭਿਆਚਾਰਕ ਲੋਕ ਨਾਚ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ ਗਿਆ।

ਸਮਾਗਮ ਦੌਰਾਨ 'ਮਿਸ ਤੀਜ' ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥਣਾਂ ਨੇ ਲੋਕ ਨਾਚ, ਰੈਂਪ ਵਾਕ, ਲੋਕ ਗੀਤ ਅਤੇ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਕੁਇਜ਼ ਮੁਕਾਬਲੇ ਵਿੱਚ ਭਾਗ ਲਿਆ। ਵੱਖ-ਵੱਖ ਗਤੀਵਿਧੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਏਕਮਦੀਪ ਕੌਰ ਨੇ 'ਮਿਸ ਤੀਜ' ਦਾ ਖਿਤਾਬ ਹਾਸਲ ਕੀਤਾ।

ਸਮਾਗਮ ਨੂੰ ਸਫਲ ਬਣਾਉਣ ਵਿੱਚ ਸਮੂਹ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਆਪਣਾ ਭਰਪੂਰ ਸਹਿਯੋਗ ਦਿੱਤਾ। ਅੰਤ ਵਿੱਚ ਐਮ.ਡੀ. ਸ੍ਰੀ ਸੰਜੇ ਮਲਹੋਤਰਾ ਅਤੇ ਪ੍ਰਿੰਸੀਪਲ ਸ੍ਰੀਮਤੀ ਗੀਤਿਕਾ ਚੰਦੇਲ ਨੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਇਸ ਸ਼ਾਨਦਾਰ ਅਤੇ ਸੱਭਿਆਚਾਰਕ ਰੰਗ ਨਾਲ ਭਰਪੂਰ ਸਮਾਗਮ ਲਈ ਵਧਾਈ ਦਿੱਤੀ।

ਪੀ ਏ ਗਗਨ ਦੀ ਮਾਤਾ ਦੇ ਦੇਹਾਂਤ 'ਤੇ ਅਮਨ ਅਰੋੜਾ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ

ਕਿਰਪਾਲ ਸਿੰਘ ਸੰਧੇ
ਸੁਨਾਮ ਊਧਮ ਸਿੰਘ ਵਾਲਾ, 17 ਅਗਸਤ : ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੇ ਪੀ ਏ ਗਗਨ ਦੇ ਮਾਤਾ ਜੀ ਸ਼੍ਰੀਮਤੀ ਗੁਰਜੀਤ ਕੌਰ ਪਤਨੀ ਸ੍ਰੀ ਕੁਲਵੰਤ ਸਿੰਘ, ਵਾਸੀ ਸੁਨਾਮ, ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਪਰਿਵਾਰ, ਸਾਕ-ਸਬੰਧੀਆਂ ਅਤੇ ਜਾਣਕਾਰਾਂ ਵਿੱਚ ਸੋਗ ਦੀ ਲਹਿਰ ਹੈ। ਸ਼੍ਰੀਮਤੀ ਗੁਰਜੀਤ ਕੌਰ ਜੀ ਦਾ ਅੰਤਿਮ ਸੰਸਕਾਰ ਅੱਜ ਨੇੜੇ ਬੱਸ ਸਟੈਂਡ, ਸੁਨਾਮ ਸਥਿਤ ਸ਼ਮਸ਼ਾਨਘਾਟ ਵਿਖੇ ਕੀਤਾ ਗਿਆ। ਇਸ ਮੌਕੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

ਸ੍ਰੀ ਅਮਨ ਅਰੋੜਾ ਨੇ ਗਗਨ ਅਤੇ ਸਮੁੱਚੇ ਪਰਿਵਾਰ ਨੂੰ ਆਪਣੀ ਦਿਲੀ ਹਮਦਰਦੀ ਪ੍ਰਗਟ ਕਰਦਿਆਂ ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਨੂੰ ਹੌਂਸਲਾ ਦਿੱਤਾ। ਉਨ੍ਹਾਂ ਨੇ ਮਾਤਾ ਜੀ ਦੀ ਮ੍ਰਿਤਕ ਦੇਹ 'ਤੇ ਲੋਈ ਅਰਪਿਤ ਕਰਕੇ ਸ਼ਰਧਾਂਜਲੀ ਭੇਟ ਕੀਤੀ ਅਤੇ ਪਰਿਵਾਰ ਪ੍ਰਤੀ ਆਪਣੀਆਂ ਸੰਵੇਦਨਾਵਾਂ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਗੱਲਬਾਤ ਦੌਰਾਨ ਸ੍ਰੀ ਅਮਨ ਅਰੋੜਾ ਪਰਿਵਾਰ ਦੇ ਨਾਲ ਮੌਜੂਦ ਰਹੇ ਅਤੇ ਔਖੇ ਸਮੇਂ ਵਿੱਚ ਪਰਿਵਾਰ ਦਾ ਦੁੱਖ ਵੰਡਾਇਆ। ਉਨ੍ਹਾਂ ਕਿਹਾ ਕਿ ਮਾਂ ਦਾ ਵਿਛੋੜਾ ਜੀਵਨ ਦਾ ਸਭ ਤੋਂ ਵੱਡਾ ਦੁੱਖ ਹੁੰਦਾ ਹੈ ਅਤੇ ਇਸ ਅਪੂਰਨੀ ਘਾਟ ਨੂੰ ਕੋਈ ਪੂਰਾ ਨਹੀਂ ਕਰ ਸਕਦਾ। ਉਨ੍ਹਾਂ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਰਿਵਾਰ ਨੂੰ ਇਹ ਅਸਹਿ ਦੁੱਖ ਸਹਿਣ ਦਾ ਬਲ ਪ੍ਰਦਾਨ ਕਰਨ। ਇਸ ਮੌਕੇ ਟੀਮ ਅਮਨ ਅਰੋੜਾ ਜੀ, ਵੱਡੀ ਗਿਣਤੀ ਵਿੱਚ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਆਗੂਆਂ ਤੋਂ ਇਲਾਵਾ ਗਗਨ ਦੇ ਰਿਸ਼ਤੇਦਾਰ, ਮਿੱਤਰ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ, ਜਿਨ੍ਹਾਂ ਨੇ ਵੀ ਸ਼੍ਰੀਮਤੀ ਗੁਰਜੀਤ ਕੌਰ ਜੀ ਨੂੰ ਅੰਤਿਮ ਵਿਦਾਇਗੀ ਦਿੱਤੀ।

ਰੋਟਰੀ ਕਲੱਬ ਮਾਲੇਰਕੋਟਲਾ ਵੱਲੋਂ ਤੀਆਂ ਦਾ ਤਿਉਹਾਰ ਮਨਾਇਆ

ਸ਼ਲੀਮ
ਮਾਲੇਰਕੋਟਲਾ, 17 ਅਗਸਤ : ਰੋਟਰੀ ਕਲੱਬ ਮਾਲੇਰਕੋਟਲਾ ਵੱਲੋਂ ਸਥਾਨਕ ਸਕੂਲ ਫਾਰ ਲਾਈਫ ਐਂਡ ਡਿਸਕੋਵਰੀ ਵਿੱਚ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨੂੰ ਸਮਰਪਿਤ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਮੌਕੇ ਤੇ ਕਲੱਬ ਦੀਆਂ ਫੀਮੇਲ ਮੈਂਬਰਜ਼ ਨੇ ਪੰਜਾਬੀ ਪਹਿਰਾਵੇ ਪਹਿਨ ਕੇ ਸਮਾਗਮ ਦੀ ਰੌਣਕ ਵਧਾਈ। ਸਮਾਗਮ ਦੌਰਾਨ ਗਿੱਧਾ, ਲੋਕ ਗੀਤ, ਬੋਲੀਆਂ ਅਤੇ ਹੋਰ ਸੱਭਿਆਚਾਰਕ ਗਤੀਵਿਧੀਆਂ ਪੇਸ਼ ਕੀਤੀਆਂ ਗਈਆਂ। ਉਹਨਾਂ ਪੀਂਘਾਂ ਝੂਟ ਕੇ ਤੀਆਂ ਦੀਆਂ ਪੁਰਾਣੀਆਂ ਰਵਾਇਤਾਂ ਨੂੰ ਜੀਵੰਤ ਕੀਤਾ। ਪੂਰੇ ਸਮਾਗਮ ਦੌਰਾਨ ਖੁਸ਼ੀ ਅਤੇ ਉਤਸ਼ਾਹ ਦਾ ਮਾਹੌਲ ਬਣਿਆ ਰਿਹਾ। ਇਸ ਮੌਕੇ ਤੇ ਰੋਟਰੀ ਕਲੱਬ ਮਲੇਰਕੋਟਲਾ ਦੇ ਪ੍ਰਧਾਨ ਐਡਵੋਕੇਟ ਵਿਕਰਮਜੀਤ ਅਹਿਮਦ ਨੇ ਕਿਹਾ ਕਿ ਅਜਿਹੇ ਸਮਾਗਮ ਨੌਜਵਾਨ ਪੀੜ੍ਹੀ ਨੂੰ ਆਪਣੇ ਅਮੀਰ ਪੰਜਾਬੀ ਵਿਰਸੇ ਅਤੇ ਸੱਭਿਆਚਾਰ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਹਨਾਂ ਕਿਹਾ ਕਿ ਰੋਟਰੀ ਕਲੱਬ ਵੱਲੋਂ ਭਵਿੱਖ ਵਿੱਚ ਵੀ ਵੱਖ ਵੱਖ ਤਿਉਹਾਰਾਂ ਨਾਲ ਸੰਬੰਧਿਤ ਸਮਾਗਮਾਂ ਦਾ ਆਯੋਜਨ ਕੀਤਾ ਜਾਂਦਾ ਰਹੇਗਾ ਤਾਂ ਕਿ ਲੋਕਾਂ ਵਿੱਚ ਆਪਸੀ ਭਾਈਚਾਰਕ ਸਾਂਝ ਵਧੇ ਅਤੇ ਪੰਜਾਬੀ ਸੱਭਿਆਚਾਰ ਦੀ ਸੰਭਾਲ ਵੀ ਹੋ ਸਕੇ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਫਸਟ ਲੇਡੀ ਆਫ ਦਾ ਕਲੱਬ ਮੈਡਮ ਨਬੀਲਾ ਇਕਬਾਲ, ਮੈਡਮ ਫਿਰਦੌਸ ਅਮਜਦ, ਮੈਡਮ ਜੋਹਰਾ ਸੱਤਾਰ, ਡਾਕਟਰ ਸਨਾ ਤਨਵੀਰ, ਮੈਡਮ ਅਸਰਾ ਪਰਵੀਨ, ਮੈਡਮ ਰੁਬੀਨਾ, ਬੇਬੀ ਨਬੀਲਾ, ਬੇਬੀ ਜੈਨਬ ਵੀ ਹਾਜ਼ਰ ਸਨ।

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ-1 (ਨਾਇਬ ਤਹਿਸੀਲਦਾਰ) ਚਨਾਰਥਲ ਕਲਾਂ

ਮਿਤੀ- 14/08/2026

[illegible]

ਸਹਾਇਕ ਕੁਲੈਕਟਰ ਦਰਜਾ ਪਹਿਲਾ, ਚਨਾਰਥਲ ਕਲਾਂ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ-1 (ਨਾਇਬ ਤਹਿਸੀਲਦਾਰ) ਚਨਾਰਥਲ ਕਲਾਂ

ਮਿਤੀ- 14/08/2026

[illegible] ... ਇਹ ਨੋਟਿਸ ਅੱਜ ਮਿਤੀ 14/08/26 ਨੂੰ ਮੇਰੇ ਦਸਤਖਤਾਂ/ਮੋਹਰ ਰਾਹੀਂ ਜਾਰੀ ਕੀਤਾ ਗਿਆ।

ਸਹਾਇਕ ਕੁਲੈਕਟਰ ਦਰਜਾ ਪਹਿਲਾ, ਚਨਾਰਥਲ ਕਲਾਂ

ਅਧਿਆਪਕ ਆਗੂਆਂ ਨੇ 27 ਅਗਸਤ ਦੀ ਸਮੂਹਿਕ ਛੁੱਟੀ ਸਬੰਧੀ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਦਿੱਤਾ ਮੰਗ ਪੱਤਰ

ਰਮਨ ਕਾਲੀਆ
ਪਠਾਨਕੋਟ 17, ਅਗਸਤ : ਜ਼ਿਲੇ ਦੀਆਂ ਸਮੂਹ ਅਧਿਆਪਕ ਜਥੇਬੰਦੀਆਂ ਵੱਲੋਂ ਜਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ਼੍ਰੀਮਤੀ ਪਰਮਜੀਤ ਅਤੇ ਉੱਪ ਜਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਅਨਿਲ ਸ਼ਰਮਾ ਰਾਹੀਂ ਮੁੱਖ ਮੰਤਰੀ ਨੂੰ ਮੰਗਾਂ ਦਾ ਹੱਲ ਨਾ ਕਰਨ ਦੀ ਸੂਰਤ ਵਿੱਚ 27 ਅਗਸਤ ਸਮੂਹਿਕ ਛੁੱਟੀ ਤੇ ਜਾਣ ਬਾਰੇ ਮੰਗ ਪੱਤਰ ਸੌਂਪਿਆ। ਅੱਜ ਸਮੂਹ ਅਧਿਆਪਕ ਜਥੇਬੰਦੀਆਂ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਗੁਰੂ ਨਾਨਕ ਪਾਰਕ ਗੁਰਦਾਸਪੁਰ ਵਿਖੇ ਕੀਤੀ ਗਈ ਜਿਸ ਵਿੱਚ 27 ਅਗਸਤ ਦੀ ਪੰਜਾਬ ਭਰ ਵਿੱਚ ਮੁਲਾਜ਼ਮਾਂ ਵੱਲੋਂ ਸਮੂਹਿਕ ਛੁੱਟੀ ਤੇ ਜਾਣ ਦੇ ਫ਼ੈਸਲੇ ਨੂੰ ਜਿਲ੍ਹਾ ਭਰ ਵਿਚ ਲਾਗੂ ਕਰਵਾਉਣ ਦਾ ਅਹਿਦ ਲਿਆ ਗਿਆ। ਇਸ ਮੌਕੇ ਜਿਲ੍ਹੇ ਦੇ ਬਾਕੀ ਵਿਭਾਗਾਂ ਦੇ ਆਗੂਆਂ ਨਾਲ ਤਾਲਮੇਲ ਕਰਕੇ ਜਿਲ੍ਹਾ ਪੱਧਰੀ ਵਿਸ਼ਾਲ ਰੈਲੀ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਕੀਤਾ ਗਿਆ। ਅਧਿਆਪਕ ਆਗੂਆਂ ਨੇ ਸਰਕਾਰ ਦੇ ਮੁਲਾਜ਼ਮ ਵਿਰੋਧੀ ਰੱਵਈਏ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਹਾਈ ਕੋਰਟ ਦੇ ਫੈਸਲੇ ਅਨੁਸਾਰ ਤੁਰੰਤ ਡੀ ਏ ਦੀ ਕਿਸ਼ਤ ਜਾਰੀ ਕੀਤੀ ਜਾਵੇ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਭੱਤੇ ਬਹਾਲ ਕੀਤੇ ਜਾਣ, ਕੱਚੇ ਅਧਿਆਪਕਾਂ ਨੂੰ ਪੂਰੇ ਗਰੇਡ ਦੇ ਕੇ ਪਕਿਆਂ ਕੀਤਾ ਜਾਵੇ,4/9/14 ਏ ਸੀ ਪੀ ਸਕੀਮ ਬਹਾਲ ਕੀਤੀ ਜਾਵੇ। ਅੱਜ ਦੀ ਮੀਟਿੰਗ ਵਿੱਚ ਬਲਾਕ ਪੱਧਰ ਤੇ ਮੁਹਿਮ ਚਲਾਉਣ ਦਾ ਫੈਸਲਾ ਕੀਤਾ। ਆਗੂਆਂ ਨੇ ਕਿਹਾ ਕਿ ਸਮੂਹ ਅਧਿਆਪਕ 27 ਅਗਸਤ ਨੂੰ ਸਮੂਹਿਕ ਛੁੱਟੀ ਲੈਣ ਦਾ ਇਤਿਹਾਸ ਸਿਰਜਣਗੇ। ਇਸ ਮੌਕੇ ਤੇ ਰਵਿੰਦਰਜੀਤ ਸਿੰਘ ਪੰਨੂ, ਗੁਰਿੰਦਰ ਸਿੱਧੂ, ਕੁਲਦੀਪ ਪੂਰੋਵਾਲ, ਸੋਮ ਸਿੰਘ, ਹਰਜਿੰਦਰ ਸਿੰਘ, ਦਿਲਬਾਗ ਸਿੰਘ ਪੱਡਾ, ਅਸ਼ਵਨੀ ਫੱਜੂਪੁਰ, ਤਰਪਿੰਦਰਪਾਲ ਸਿੰਘ,ਤੇਜਿੰਦਰ ਸਿੰਘ ਸ਼ਾਹ,ਤਰਸੇਮ ਪਾਲ, ਓਂਕਾਰ ਸਿੰਘ, ਬਲਵਿੰਦਰ ਕੌਰ, ਅਮਰਜੀਤ ਸਿੰਘ,ਸੁਖਜਿੰਦਰ ਸਿੰਘ , ਤਰਲੋਕ ਸਿੰਘ, ਆਦਿ ਅਧਿਆਪਕ ਆਗੂ ਹਾਜ਼ਰ ਸਨ।

ਸਮਾਜ ਸੇਵਾ ਦੇ ਖੇਤਰ 'ਚ ਵਧੀਆ ਕੰਮਾਂ ਲਈ ਪ੍ਰੈਸ ਵੈਲਫੇਅਰ ਕਲੱਬ ਮੂਨਕ ਸਨਮਾਨਿਤ

ਸੁਰਿੰਦਰ, ਗੁਲਸ਼ਨ ਗਰਗ
ਮੂਨਕ, 17 ਅਗਸਤ: ਆਜ਼ਾਦੀ ਦਿਵਸ ਦੇ ਮੌਕੇ 'ਤੇ ਪ੍ਰੈਸ ਵੈਲਫੇਅਰ ਕਲੱਬ ਮੂਨਕ ਨੂੰ ਸਮਾਜ ਸੇਵਾ ਦੇ ਖੇਤਰ ਵਿੱਚ ਵਧੀਆ ਸੇਵਾਵਾਂ ਪ੍ਰਦਾਨ ਕਰਨ ਲਈ ਸਨਮਾਨਿਤ ਕੀਤਾ ਗਿਆ। ਜਾਣਕਾਰੀ ਸਾਂਝੀ ਕਰਦਿਆ ਪ੍ਰੈਸ ਕਲੱਬ ਮੂਨਕ ਦੇ ਪ੍ਰਧਾਨ ਨਰੇਸ਼ ਤਨੇਜਾ ਨੇ ਦੱਸਿਆ ਕਿ ਕਲੱਬ ਵੱਲੋਂ ਸਮੇਂ-ਸਮੇਂ 'ਤੇ ਅੱਖਾਂ ਦੇ ਆਪਰੇਸ਼ਨ ਕੈਂਪ, ਖੂਨ ਦਾਨ ਕੈਂਪ ਅਤੇ ਮੈਡੀਕਲ ਚੈੱਕਅਪ ਕੈਂਪ ਲਗਾਏ ਜਾਂਦੇ ਹਨ। ਇਨ੍ਹਾਂ ਕੈਂਪਾਂ ਰਾਹੀਂ ਸੈਂਕੜੇ ਜ਼ਰੂਰਤਮੰਦ ਲੋਕਾਂ ਨੂੰ ਲਾਭ ਮਿਲਿਆ ਹੈ। ਇਸ ਮੌਕੇ ਐਸ.ਡੀ.ਐਮ. ਮੂਨਕ ਰਾਕੇਸ਼ ਪ੍ਰਕਾਸ਼ ਗਰਗ ਨੇ ਪ੍ਰੈਸ ਕਲੱਬ ਮੂਨਕ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਸ਼ਲਾਘਾ ਕੀਤੀ।

ਪ੍ਰਧਾਨ ਨਰੇਸ਼ ਤਨੇਜਾ ਅਤੇ ਕਲੱਬ ਦੇ ਅਹੁਦੇਦਾਰਾਂ ਨੇ ਇਸ ਸਨਮਾਨ ਲਈ ਪ੍ਰਸ਼ਾਸਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਲੱਬ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸਮਾਜ ਸੇਵਾ ਦੇ ਕੰਮ ਕਰਦਾ ਰਹੇਗਾ।

ਸੈਂਚੁਰੀ ਪਲਾਈਵੁਡ ਫੈਕਟਰੀ 'ਚ ਕੰਮ ਕਰਦੇ ਅਪਰੇਟਰਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਗੇਟ 'ਤੇ ਕੀਤਾ ਰੋਸ ਪ੍ਰਦਰਸ਼ਨ

ਪਿਛਲੇ ਦਸ ਸਾਲਾਂ ਤੋਂ ਕੰਮ ਕਰਦੇ ਅਪਰੇਟਰ ਨਾ ਮਾਤਰ ਤਨਖ਼ਾਹ 'ਤੇ ਕਰ ਰਹੇ ਗੁਜ਼ਾਰਾ

ਮਲਕੀਤ ਸਿੰਘ
ਗੜ੍ਹਦੀਵਾਲਾ, 17 ਅਗਸਤ : ਹੁਸ਼ਿਆਰਪੁਰ ਦਸੂਆ ਮੁੱਖ ਮਾਰਗ ਤੇ ਪੈਂਦੀ ਸੈਂਚੁਰੀ ਪਲਾਈਵੁੱਡ ਫੈਕਟਰੀ ਵਿੱਚ ਕੰਮ ਕਰਦੇ ਆਪਰੇਟਰਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਗੇਟ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਗਿਆ ਇਸ ਮੌਕੇ ਸੈਂਚੁਰੀ ਵਿੱਚ ਕੰਮ ਕਰਦੇ ਆਪਰੇਟਰਾਂ ਬਰਿੰਦਰ ਸਿੰਘ, ਰਸ਼ਪਾਲ ਸਿੰਘ ,ਬਲਜੀਤ ਸਿੰਘ ,ਸਿਮਰਨਜੀਤ ਸਿੰਘ, ਜਸਪਾਲ ਸਿੰਘ ,ਜਸਦੀਪ ਸਿੰਘ ਰੇਸ਼ਮ ਸਿੰਘ, ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਪਿਛਲੇ ਅੱਠ ਦਸ ਸਾਲਾਂ ਤੋਂ ਸੈਂਚੁਰੀ ਪਲਾਈਵੁੱਡ ਫੈਕਟਰੀ ਵਿੱਚ ਆਪਰੇਟਰ ਦਾ ਕੰਮ 12 ਹਜਾਰ ਤਨਖਾਹ ਤੇ ਕਰ ਰਹੇ ਹਨ ਜਿਸ ਦੇ ਨਾਲ ਉਹਨਾਂ ਦੇ ਘਰ ਦਾ ਗੁਜ਼ਾਰਾ ਕਰਨਾ ਬੜਾ ਹੀ ਮੁਸ਼ਕਿਲ ਹੈ ਉਹਨਾਂ ਦੱਸਿਆ ਕਿ ਦਿਨੋ ਦਿਨ ਮਹਿੰਗਾਈ ਵੱਧ ਰਹੀ ਹੈ ਪ੍ਰੰਤੂ ਸੈਚੁਰੀ ਪਲਾਈਵੁਡ ਵੱਲੋਂ ਹੋਰਨਾਂ ਪ੍ਰਾਂਤਾਂ ਤੋਂ ਆਏ ਵਰਕਰਾਂ ਨੂੰ ਪੱਕੇ ਤੌਰ ਤੇ ਰੱਖਿਆ ਜਾ ਰਿਹਾ ਹੈ ਤੇ ਉਨਾਂ ਨੂੰ ਮਿਲਣ ਵਾਲੇ ਸਾਰੇ ਭੱਤੇ ਸਮੇਂ ਸਮੇਂ ਸਿਰ ਦਿੱਤੇ ਜਾ ਰਹੇ ਹਨ ਪ੍ਰੰਤੂ ਉਨਾਂ ਨੂੰ ਪਿਛਲੇ ਕਾਫੀ ਲੰਮੇ ਸਮੇਂ ਤੋਂ ਇਸ ਫੈਕਟਰੀ ਵਿੱਚ ਕੰਮ ਕਰਦਿਆਂ ਨੂੰ ਹੋ ਚੁੱਕਾ ਹੈ ਪ੍ਰੰਤੂ ਉਹਨਾਂ ਨੂੰ ਅਜੇ ਤੱਕ ਕਿਸੇ ਵੀ ਵਰਕਰ ਨੂੰ ਪੱਕਾ ਨਹੀ ਕੀਤਾ ਗਿਆ ਇਸ ਮੌਕੇ ਉਹਨਾਂ ਗੱਲਬਾਤ ਕਰਦਿਆਂ ਕਿਹਾ ਕਿ ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਮਾਰਚ ਅਤੇ ਅਪ੍ਰੈਲ ਮਹੀਨੇ ਦਾ ਐਕਰੀਮੈਂਟ ਲਗਾ ਕੇ ਕੰਪਨੀ ਵਲੋ ਤਨਖਾਹਾਂ ਦੇਣ ਦਾ ਵਾਅਦਾ ਕੀਤਾ ਸੀ ਪਰੰਤੂ ਕਾਫੀ ਸਮਾਂ ਬੀਤ ਜਾਣ ਤੇ ਕੰਪਨੀ ਵੱਲੋਂ ਨਾ ਤਾਂ ਐਕਰੀਮੈਂਟ ਵਿੱਚ ਵਾਧਾ ਕੀਤਾ ਗਿਆ ਅਤੇ ਕੰਪਨੀ ਵੱਲੋਂ ਦਿੱਤੀ ਗਈ ਤਰੀਕ 17 ਅਗਸਤ ਬੀਤ ਜਾਣ ਤੇ ਵੀ ਉਹਨਾਂ ਦੀ ਸਮੱਸਿਆ ਦਾ ਹੱਲ ਕੀਤਾ ਗਿਆ ਇਸ ਮੌਕੇ ਉਹਨਾਂ ਗੱਲਬਾਤ ਕਰਦਿਆਂ ਕਿਹਾ ਕਿ ਉਹਨਾਂ ਦੀ ਮੰਗ ਹੈ ਕੀ ਕੰਪਨੀ ਵੱਲੋਂ ਉਨਾਂ ਦਾ 15% ਐਕਰੀਮੈਂਟ ਦਾ ਵਾਧਾ ਕੀਤਾ ਜਾਵੇ ਅਤੇ ਕਾਫੀ ਸਮੇਂ ਤੋਂ ਕੰਮ ਕਰ ਰਹੇ ਵਰਕਰਾਂ ਨੂੰ ਕੰਪਨੀ ਅਧੀਨ ਲਿਆਂਦਾ ਜਾਵੇ ਤੇ ਉਹਨਾਂ ਨੂੰ ਪੱਕਾ ਕੀਤਾ ਜਾਵੇ ਉਹਨਾਂ ਕਿਹਾ ਕਿ ਜੇਕਰ ਕੰਪਨੀ ਵੱਲੋਂ ਉਹਨਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ ਅਗਲੀ ਰਣਨੀਤੀ ਲਈ ਤਿਆਰ ਹਨ ਇਸ ਮੌਕੇ ਅਮਨ ਜੱਸਾ ਜਗੀਰ ਸਿੰਘ ਅੰਮ੍ਰਿਤ ਪਾਲ ਮਨਪ੍ਰੀਤ ਭਾਟੀਆ ਰੋਹਿਤ ਬਿਰਦੀ ਜਸਪ੍ਰੀਤ ਸਿੰਘ ਕਮਲ ਕੁਮਾਰ ਰੇਸ਼ਮ ਸਿੰਘ ਪੰਕਜ ਬਲਰਾਜ ਕਰਨਜੀਤ ਸਿੰਘ ਪਰਮਿੰਦਰ ਸਿੰਘ ਜੁਗਰਾਜ ਸਿੰਘ ਰਣਜੀਤ ਸਿੰਘ ਬਲਰਾਜ ਸਿੰਘ ਮਨਜੀਤ ਸਿੰਘ ਜਤਿੰਦਰ ਪ੍ਰਦੀਪ ਸਿੰਘ ਜਸਕਰਨ ਸਿੰਘ ਅਜੇ ਅਤੇ ਹੋਰ ਆਪਰੇਟਰ ਹਾਜ਼ਰ ਸਨ